**ਵਿਸ਼ਾ - ਪੰਜਾਬੀ** **ਲਿੰਗ ਅਤੇ ਵਚਨ ਬਦਲੋ** **ਜਮਾਤ - ਦਸਵੀਂ**

**ਲਿੰਗ** - ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ ਸ਼ਬਦ ਹਨ - ਪੁਲਿੰਗ ਅਤੇ ਇਸਤਰੀ ਲਿੰਗ।

**ਵਚਨ** - ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦਾ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਭਾਸ਼ਾ ਵਿੱਚ ਵਚਨ ਦੋ ਪ੍ਰਕਾਰ ਦੇ ਹਨ - ਇੱਕਵਚਨ ਅਤੇ ਬਹੁਵਚਨ।

**1. ਚਿੱਟਾ ਘੋੜਾ ਦੌੜਦਾ ਹੈ।**

**ਵਚਨ ਬਦਲੋ** - ਚਿੱਟੇ ਘੋੜੇ ਤੇਜ ਦੌੜਦੇ ਹਨ।

**ਲਿੰਗ ਬਦਲੋ** - ਚਿੱਟੀ ਘੋੜੀ ਤੇਜ ਦੌੜਦੀ ਹੈ।

**2. ਚਿੜੀਆਂ ਚੀ-ਚੀ ਕਰਦੀਆਂ ਹਨ।**

**ਵਚਨ ਬਦਲੋ** - ਚਿੜੀ ਚੀ-ਚੀ ਕਰਦੀ ਹੈ।

**ਲਿੰਗ ਬਦਲੋ** - ਚਿੜੇ ਚੀ-ਚੀ ਕਰਦੇ ਹਨ।

**3. ਮੇਲੇ ਵਿੱਚ ਮਦਾਰੀ ਤਮਾਸ਼ਾ ਦਿਖਾ ਰਿਹਾ ਸੀ ਤੇ ਕੁੜੀਆਂ ਪੀਂਘਾਂ ਝੂਟ ਰਹੀਆਂ ਸਨ।**

**ਵਚਨ ਬਦਲੋ** - ਮੇਲਿਆਂ ਵਿੱਚ ਮਦਾਰੀ ਤਮਾਸ਼ੇ ਦਿਖਾ ਰਹੇ ਸਨ ਤੇ ਕੁੜੀ ਪੀਂਘ ਝੂਟ ਰਹੀ ਸੀ।

**ਲਿੰਗ ਬਦਲੋ** - ਮੇਲੇ ਵਿੱਚ ਮਾਦਾਰਨ ਤਮਾਸ਼ਾ ਦਿਖਾ ਰਹੀ ਸੀ ਤੇ ਮੁੰਡੇ ਪੀਂਘਾਂ ਝੂਟ ਰਹੇ ਸਨ।

**4. ਰਾਜਕੁਮਾਰ ਆਪਣੇ ਮਿੱਤਰਾਂ, ਦਰਜ਼ੀ, ਨਾਈ ਤੇ ਤਰਖਾਣ ਨੂੰ ਨਾਲ਼ ਲੈ ਕੇ ਯਾਤਰਾ ਤੇ ਚੱਲ ਪਿਆ।**

**ਵਚਨ ਬਦਲੋ** - ਰਾਜਕੁਮਾਰ ਆਪਣੇ ਮਿੱਤਰ, ਦਰਜੀਆਂ, ਨਾਈਆਂ ਤੇ ਤਰਖਾਣਾਂ ਨੂੰ ਨਾਲ ਲੈ ਕੇ ਯਾਤਰਾ ਤੇ ਚੱਲ ਪਿਆ।

**ਲਿੰਗ ਬਦਲੋ** - ਰਾਜਕੁਮਾਰੀ ਆਪਣੀਆਂ ਸਹੇਲੀਆਂ, ਦਰਜ਼ਨ, ਨਾਇਣ ਤੇ ਤਰਖਾਣੀ ਨੂੰ ਨਾਲ ਲੈ ਕੇ ਯਾਤਰਾ ਤੇ ਚੱਲ ਪਈ।

**5. ਛੋਟੀਆਂ ਕੁੜੀਆਂ ਖੇਡਦੀਆਂ ਹਨ।**

**ਵਚਨ ਬਦਲੋ** - ਛੋਟੀ ਕੁੜੀ ਖੇਡਦੀ ਹੈ।

**ਲਿੰਗ ਬਦਲੋ** - ਛੋਟੇ ਮੁੰਡੇ ਖੇਡਦੇ ਹਨ।

**6. ਮਾਲਣ ਬੂਟੇ ਨੂੰ ਪਾਣੀ ਦੇ ਰਹੀ ਹੈ।**

**ਵਚਨ ਬਦਲੋ** - ਮਾਲਣਾਂ ਬੂਟਿਆਂ ਨੂੰ ਪਾਣੀ ਦੇ ਰਹੀਆਂ ਹਨ।

**ਲਿੰਗ ਬਦਲੋ** - ਮਾਲੀ ਬੂਟੀ ਨੂੰ ਪਾਣੀ ਦੇ ਰਿਹਾ ਹੈ।

**7. ਏਕਮ ਵਰਗੇ ਬੱਚੇ ਲਗਨ ਨਾਲ਼ ਪੜ੍ਹਦੇ ਹਨ।**

**ਵਚਨ ਬਦਲੋ** - ਏਕਮ ਵਰਗਾ ਬੱਚਾ ਲਗਨ ਨਾਲ ਪੜ੍ਹਦਾ ਹੈ।

**ਲਿੰਗ ਬਦਲੋ** - ਏਕਮ ਵਰਗੀਆਂ ਬੱਚੀਆਂ ਲਗਨ ਨਾਲ ਪੜ੍ਹਦੀਆਂ ਹਨ।

**8. ਮੇਰਾ ਹਰਮਨ-ਪਿਆਰਾ ਲੇਖਕ ਬਾਲ-ਲੇਖਕ ਹੈ।**

**ਵਚਨ ਬਦਲੋ -** ਸਾਡੇ ਹਰਮਨ-ਪਿਆਰੇ ਲੇਖਕ ਬਾਲ-ਲੇਖਕ ਹਨ।

**ਲਿੰਗ ਬਦਲੋ -** ਮੇਰੀ ਹਰਮਨ-ਪਿਆਰੀ ਲੇਖਕਾ ਬਾਲ-ਲੇਖਕਾ ਹੈ।

**9. ਬਾਗ ਵਿਚ ਮੋਰ ਪੈਲ ਪਾ ਰਿਹਾ ਸੀ ਤੇ ਸੱਪ ਫਨ ਖਿਲਾਰੀ ਬੈਠਾ ਸੀ।**

**ਵਚਨ ਬਦਲੋ -** ਬਾਗਾਂ ਵਿੱਚ ਮੋਰ ਪੈਲਾਂ ਪਾ ਰਹੇ ਸਨ ਤੇ ਸੱਪ ਫਨ ਖਿਲਾਰੀ ਬੈਠੇ ਸਨ।

**ਲਿੰਗ ਬਦਲੋ -** ਬਾਗ਼ ਵਿੱਚ ਮੋਰ (ਮੋਰਨੀ ਪੈਲ ਨਹੀਂ ਪਾਉਂਦੀ) ਪੈਲ ਪਾ ਰਿਹਾ ਸੀ ਸੱਪਣੀ ਫਨ ਖਿਲਾਰੀ ਬੈਠੀ ਸੀ।

**10. ਵਕੀਲ, ਡਾਕਟਰ ਤੇ ਮਾਸਟਰ ਸਲਾਹਾਂ ਕਰ ਰਹੇ ਹਨ।**

**ਲਿੰਗ ਬਦਲੋ -** ਵਕੀਲਣੀਆਂ, ਡਾਕਟਰਾਣੀਆਂ ਤੇ ਮਾਸਟਰਾਣੀਆਂ ਸਲਾਹਾਂ ਕਰ ਰਹੀਆਂ ਹਨ।

**11. ਭੰਗੜੇ ਵਿੱਚ ਨੱਚਦੇ ਗੱਭਰੂ ਨੂੰ ਦੇਖ ਬੁੱਢੇ ਤੇ ਮੁੰਡੇ ਵੀ ਨੱਚਣ ਲੱਗ ਪਏ।**

**ਵਚਨ ਬਦਲੋ -** ਭੰਗੜੇ ਵਿੱਚ ਨੱਚਦੇ ਗੱਭਰੂਆਂ ਨੂੰ ਦੇਖ ਕੇ ਬੁੱਢਾ ਤੇ ਮੁੰਡਾ ਵੀ ਨੱਚਣ ਲੱਗ ਪਿਆ।

**ਲਿੰਗ ਬਦਲੋ -** ਭੰਗੜੇ ਵਿਚ ਨੱਚਦੀ ਮੁਟਿਆਰ ਨੂੰ ਦੇਖ ਕੇ ਬੁੱਢੀਆਂ ਤੇ ਕੁੜੀਆਂ ਵੀ ਨੱਚਣ ਲੱਗ ਪਈਆਂ।

**12. ਚੰਗੀਆਂ ਵਿਦਿਆਰਥਣਾਂ ਲਗਨ ਨਾਲ ਪੜ੍ਹਦੀਆਂ ਹਨ।**

**ਵਚਨ ਬਦਲੋ -** ਚੰਗੀ ਵਿਦਿਆਰਥਣ ਲਗਨ ਨਾਲ਼ ਪੜ੍ਹਦੀ ਹੈ।

**ਲਿੰਗ ਬਦਲੋ -** ਚੰਗੇ ਵਿਦਿਆਰਥੀ ਲਗਨ ਨਾਲ ਪੜ੍ਹਦੇ ਹਨ।

**13. ਰਾਜੇ ਕੋਲ ਦੋ ਨੌਕਰ, ਚਾਰ ਹਾਥੀ, ਤਿੰਨ ਘੋੜੇ ਤੇ ਇੱਕ ਕੁੱਤਾ ਸੀ।**

**ਵਚਨ ਬਦਲੋ** - ਰਾਜਿਆਂ ਕੋਲ ਇੱਕ ਨੌਕਰ, ਇੱਕ ਹਾਥੀ, ਇੱਕ ਘੋੜਾ ਤੇ ਦੋ ਕੁੱਤੇ ਸਨ।

**ਲਿੰਗ ਬਦਲੋ** - ਰਾਣੀ ਕੋਲ ਦੋ ਨੌਕਰਾਣੀਆਂ, ਚਾਰ ਹਥਣੀਆਂ, ਤਿੰਨ ਘੋੜੀਆਂ ਤੇ ਇੱਕ ਕੁੱਤੀ ਸੀ।

**14. ਮੇਰੇ ਮਾਸੜ ਦੀ ਧੀ ਦਾ ਮੁੰਡਾ ਆਪਣੇ ਮਿੱਤਰਾਂ ਨਾਲ ਸਿਨੇਮਾ ਹਾਲ ਵਿੱਚ ਮਿਲ ਪਿਆ।**

**ਵਚਨ ਬਦਲੋ** - ਸਾਡੇ ਮਾਸੜਾਂ ਦੀਆਂ ਧੀਆਂ ਦੇ ਮੁੰਡੇ ਆਪਣੇ ਮਿੱਤਰ ਨਾਲ ਸਿਨੇਮਾ ਹਾਲ ਵਿੱਚ ਮਿਲ ਪਏ।

**ਲਿੰਗ ਬਦਲੋ** - ਮੇਰੀ ਮਾਸੀ ਦੇ ਪੁੱਤਰ ਦੀ ਕੁੜੀ ਆਪਣੀਆਂ ਸਹੇਲੀਆਂ ਨਾਲ ਸਿਨੇਮਾ ਹਾਲ ਵਿੱਚ ਮਿਲ ਪਈ।

**15. ਤਹਿਸੀਲਦਾਰ ਨੇ ਚਪੜਾਸੀ ਦੇ ਸਾਹਮਣੇ ਇੱਕ ਪ੍ਰਾਪਰਟੀ ਡੀਲਰ ਕੋਲੋਂ ਗਿਫਟ ਲੈ ਲਿਆ।**

**ਵਚਨ ਬਦਲੋ** - ਤਹਿਸੀਲਦਾਰਾਂ ਨੇ ਚਪੜਾਸੀਆਂ ਦੇ ਸਾਹਮਣੇ ਕਈ ਪ੍ਰਾਪਰਟੀ ਡੀਲਰਾਂ ਕੋਲੋਂ ਗਿਫਟ ਲੈ ਲਏ।

**ਲਿੰਗ ਬਦਲੋ** - ਤਹਿਸੀਲਦਾਰਨੀ ਨੇ ਚਪੜਾਸਣ ਦੇ ਸਾਹਮਣੇ ਇੱਕ ਪ੍ਰਾਪਰਟੀ ਡੀਲਰ ਕੋਲੋਂ ਗਿਫਟ ਲੈ ਲਿਆ।

**16. ਰਾਣੀ ਪ੍ਰੋਹਤ ਨੂੰ ਭੋਜਨ ਛਕਾ ਰਹੀ ਸੀ ਤੇ ਸੇਵਕ ਪੱਖਾ ਝੱਲ ਰਿਹਾ ਸੀ।**

**ਵਚਨ ਬਦਲੋ** - ਰਾਣੀਆਂ ਪ੍ਰੋਹਤਾਂ ਨੂੰ ਭੋਜਨ ਛਕਾ ਰਹੀਆਂ ਸਨ ਤੇ ਸੇਵਕ ਪੱਖੇ ਝੱਲ ਰਹੇ ਸਨ।

**ਲਿੰਗ ਬਦਲੋ** - ਰਾਜਾ ਪ੍ਰੋਹਤਾਣੀ ਨੂੰ ਭੋਜਨ ਛਕਾ ਰਿਹਾ ਸੀ ਤੇ ਸੇਵਕਾ ਪੱਖਾ ਝੱਲ ਰਹੀ ਸੀ।

**17. ਖੇਤ ਵਿੱਚ ਗੁਆਲਾ ਗਊਆਂ ਚਰਾ ਰਿਹਾ ਹੈ।**

**ਵਚਨ ਬਦਲੋ** - ਖੇਤਾਂ ਵਿੱਚ ਗੁਆਲੇ ਗਊ ਚਰਾ ਰਹੇ ਹਨ।

**ਲਿੰਗ ਬਦਲੋ** - ਖੇਤ ਵਿੱਚ ਗੁਆਲਣ ਬਲ਼ਦ ਚਰਾ ਰਹੀ ਹੈ।

**18. ਮੇਲੇ ਵਿੱਚ ਮੁਟਿਆਰਾਂ ਗਿੱਧਾ ਪਾ ਰਹੀਆਂ ਹਨ ਤੇ ਮਦਾਰੀ ਤਮਾਸ਼ਾ ਦਿਖਾ ਰਿਹਾ ਹੈ।**

**ਵਚਨ ਬਦਲੋ** - ਮੇਲਿਆਂ ਵਿੱਚ ਮੁਟਿਆਰ ਗਿੱਧਾ ਪਾ ਰਹੀ ਹੈ ਤੇ ਮਦਾਰੀ ਤਮਾਸ਼ੇ ਦਿਖਾ ਰਹੇ ਹਨ।

**ਲਿੰਗ ਬਦਲੋ** - ਮੇਲੇ ਵਿੱਚ ਗੱਭਰੂ ਭੰਗੜਾ(ਗਿੱਧਾ) ਪਾ ਰਹੇ ਹਨ ਤੇ ਮਦਾਰਨ ਤਮਾਸ਼ਾ ਦਿਖਾ ਰਹੀ ਹੈ।

**19. ਨੂੰਹ ਨੇ ਸੱਸ ਕੁੱਟੀ, ਧੀ ਨੇ ਪੜ੍ਹੀਸ ਲੁੱਟੀ।**

**ਵਚਨ ਬਦਲੋ** - ਨੂੰਹਾਂ ਨੇ ਸੱਸਾਂ ਕੁੱਟੀਆਂ, ਧੀਆਂ ਨੇ ਪੜ੍ਹੀਸਾਂ ਲੁੱਟੀਆਂ।

**ਲਿੰਗ ਬਦਲੋ** - ਪੁੱਤਰ ਨੇ ਸਹੁਰਾ ਕੁੱਟਿਆ, ਜਵਾਈ ਨੇ ਪਤਿਅਹੁਰਾ ਲੁੱਟਿਆ।

**20. ਬੱਦਲ ਵਰ੍ਹ ਕੇ ਚਲਾ ਗਿਆ।**

**ਵਚਨ ਬਦਲੋ** - ਬੱਦਲ ਵਰ੍ਹ ਕੇ ਚਲੇ ਗਏ।

**ਲਿੰਗ ਬਦਲੋ** - ਬੱਦਲੀ ਵਰ੍ਹ ਕੇ ਚਲੀ ਗਈ। ।